This question paper contains 4 printed pages]

*Your Roll No*..........................

9307

**B.A. (PROGRAMME)/II** **D**

PUNJABI DISCIPLINE (A)—Paper II

(Compulsory)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੰਨਦਾਤਾ' ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 15

**ਜਾਂ**

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਦੋ** ਕਵਿਤਾਵਾਂ ਦੇ ਵਿਸ਼ੇ ਬਾਰੇ ਚਰਚਾ ਕਰੋ :

1) ਸੁਰਗੀ ਜਿਊੜੇ - ਧਨੀ ਰਾਮ ਚਾਤ੍ਰਿਕ

2) ਕਾਹਨੂੰ ਬਾਲਦੈਂ - ਤਾਰਾ ਸਿੰਘ

3) ਉਦੋਂ ਵਾਰਿਸ ਸ਼ਾਹ ਨੂੰ - ਸੁਰਜੀਤ ਪਾਤਰ

P.T.O.

2. ਹਰਚਰਨ ਸਿੰਘ ਦੇ ਨਾਟਕ 'ਕਲ੍ਹ, ਅੱਜ ਤੇ ਭਲ੍ਹਕ' ਵਿਚ ਪੇਸ਼ ਸਮਕਾਲੀ ਯਥਾਰਥ ਉੱਪਰ ਟਿੱਪਣੀ ਕਰੋ। 15

**ਜਾਂ**

ਹਰਚਰਨ ਸਿੰਘ ਦੇ ਨਾਟਕ 'ਕਲ੍ਹ, ਅੱਜ ਤੇ ਭਲ੍ਹਕ' ਦੀ ਮੂਲ ਸਮੱਸਿਆ ਉਪਰ ਟਿੱਪਣੀ ਕਰੋ।

3. ਨਗਰ-ਪਾਲਿਕਾ ਦੇ ਸਿਹਤ ਅਧਿਕਾਰੀ ਨੂੰ ਇਲਾਕੇ ਵਿਚ ਸਫਾਈ ਦੀ ਖਰਾਬ ਹਾਲਤ ਵਿਰੁੱਧ ਸ਼ਿਕਾਇਤੀ ਚਿੱਠੀ ਲਿਖੋ। 10

**ਜਾਂ**

ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਆਪਣੇ ਇਲਾਕੇ ਵਿਚ ਹਸਪਤਾਲ ਖੋਲ੍ਹਣ ਲਈ ਬਿਨੈ-ਪੱਤਰ ਲਿਖੋ।

4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ : 10

ਮਨੁੱਖ ਅਤੇ ਸਭਿਆਚਾਰ ਦੋ ਅਜਿਹੇ ਸ਼ਬਦ ਹਨ ਜਿਹੜੇ ਆਪਣੇ ਆਪ ਵਿਚ ਪੀਡੇ ਰੂਪ ਵਿਚ ਸੰਬੰਧਤ ਹਨ। ਅਸਲ ਵਿਚ ਮਨੁੱਖ ਦੀ ਸਾਰਥਕਤਾ, ਭੂਮਿਕਾ, ਸ੍ਰੇਸ਼ਟਤਾ, ਮਹਾਨਤਾ ਅਤੇ ਇਤਿਹਾਸਕ ਪ੍ਰਾਪਤੀ ਦਾ ਸੰਦਰਭ ਸਭਿਆਚਾਰ ਨਾਲ ਹੀ ਜੁੜਿਆ ਹੈ। ਕੁਦਤਰ ਆਪਣੇ ਆਪ ਵਿਚ ਵਿਗਸ ਰਹੀ ਇਕਾਈ ਹੈ। ਇਸ ਕਰਿਸ਼ਮੇ, ਅਜੂਬੇ ਅਤੇ ਨਜ਼ਾਰਿਆਂ ਨੂੰ ਖੋਜਣਾ, ਸਾਧਨਾ, ਉਨ੍ਹਾਂ ਦੇ ਪਿੱਛੇ ਕਾਰਜਸ਼ੀਲ ਸੋਮਿਆਂ 'ਤੇ ਆਧਾਰਿਤ ਗਿਆਨ, ਵਿਗਿਆਨ ਦੀ ਉਸਾਰੀ ਮਨੁੱਖ ਦੀ ਕਿਸੇ ਇੱਕ ਦਿਨ ਦੀ ਪ੍ਰਾਪਤੀ ਨਹੀਂ ਸਗੋਂ ਸਦੀਆਂ ਦਾ

ਇਤਿਹਾਸ, ਮਿਥਿਹਾਸ ਇਸ ਨੂੰ ਬਣਾਉਂਦਾ, ਉਸਾਰਦਾ ਅਤੇ ਨਿਖਾਰਦਾ ਰਿਹਾ ਹੈ। ਕਦੇ ਮੁੱਢਲੇ ਦੌਰ ਦੀਆਂ ਇਤਿਹਾਸਕ ਸੀਮਾਵਾਂ ਕਰਕੇ ਮਨੁੱਖੀ ਸਭਿਆਚਾਰ ਦੀ ਵਿਆਖਿਆ ਉੱਤੇ ਧਰਮ, ਮਿਥਿਹਾਸ ਅਤੇ ਆਦਰਸ਼ਕ ਦ੍ਰਿਸ਼ਟੀਬੋਧ ਦਾ ਪ੍ਰਛਾਵਾਂ ਰਿਹਾ ਪਰੰਤੂ ਜਿਉਂ ਹੀ ਮਨੁੱਖੀ ਚੇਤਨਾ ਨੇ ਵਿਕਾਸ ਕੀਤਾ ਉਸ ਨੇ ਨਵੀਨ ਵਿਗਿਆਨਕ, ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਜ਼ਿੰਦਗੀ, ਕੁਦਰਤ, ਮਨੁੱਖ ਅਤੇ ਸਭਿਆਚਾਰ ਦੀ ਵਿਆਖਿਆ ਕਰਨੀ ਅਰੰਭ ਕੀਤੀ। ਪਰੰਤੂ ਇਸ ਦ੍ਰਿਸ਼ਟੀ ਭੇਦ ਅਤੇ ਵਿਆਖਿਆ ਦੀ ਵਿਧੀ ਵਿਚ ਮਨੁੱਖ ਅਤੇ ਜ਼ਿੰਦਗੀ ਕਦੇ ਵੀ ਖਾਰਜ ਨਹੀਂ ਹੋਏ ਸਗੋਂ ਇਹ ਵਿਆਖਿਆ ਵਿਸ਼ੇਸ਼ ਇਤਿਹਾਸਕ ਦੌਰਾਂ ਵਿਚ ਮਨੁੱਖ ਦੀ ਸੰਸਾਰਕ ਤ੍ਰਿਪਤੀ ਵੀ ਕਰਦੀ ਰਹੀ ਹੈ। ਉਂਜ ਕਈ ਵਾਰੀ ਤਾਂ ਇਉਂ ਵੀ ਲਗਦਾ ਹੈ ਕਿ ਕੁਦਰਤ ਸਭਿਆਚਾਰ ਅਤੇ ਮਾਨਵੀ ਸਿਰਜਣਾਵਾਂ ਆਪਣੇ ਸੁਭਾਵਕ ਪ੍ਰਵਾਹ ਵਿਚ ਬਣਦੇ, ਵਿਗਸਦੇ ਰਹਿੰਦੇ ਹਨ। ਸਿਧਾਂਤ ਦੀ ਉਪਜ ਇਨ੍ਹਾਂ ਸਿਰਜਣਾਵਾਂ ਤੋਂ ਬਾਅਦ ਵਿਚ ਹੀ ਹੁੰਦੀ ਹੈ। ਇਤਿਹਾਸ ਦੇ ਮੁੱਢਲੇ ਦੌਰ ਵਿਚ ਸਿਧਾਂਤ ਨੂੰ ਆਧਾਰ ਬਣਾਕੇ ਸਭਿਆਚਾਰ ਦੀ ਸਿਰਜਣਾ ਨਹੀਂ ਸੀ ਹੁੰਦੀ ਸਗੋਂ ਸਭਿਆਚਾਰਕ ਪ੍ਰਾਪਤੀਆਂ ਦੇ ਆਧਾਰ ਉੱਤੇ ਮਨੁੱਖ ਸਿਧਾਂਤ ਦੀ ਉਸਾਰੀ ਕਰਦਾ ਆਇਆ ਹੈ।

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦਾ ਉੱਤਰ ਲਿਖੋ : 10

1) ਵਾਕ ਕੀ ਹੁੰਦਾ ਹੈ? ਵਾਕ ਬਣਤਰ ਅਨੁਸਾਰ ਵਾਕਾਂ ਨੂੰ ਕਿੰਨਿਆਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ? ਹਰ ਇਕ ਦਾ ਲਛਣ ਉਦਾਹਰਣਾਂ ਸਹਿਤ ਲਿਖੋ।

2) ਗੁਰਮੁਖੀ ਲਿੱਪੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

3) ਕਾਰਕ-ਰੂਪ ਦੇ ਪ੍ਰਕਾਰ ਦੇ ਉਨ੍ਹਾਂ ਦੇ ਲੱਛਣ ਉਦਾਹਰਣਾਂ ਸਹਿਤ ਲਿਖੋ।

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ : $3 \times 5 = 15$

1) 'ਕਲ੍ਹ ਅੱਜ ਤੇ ਭਲ੍ਹਕ' ਨਾਟਕ ਵਿਚ ਮਹੰਤਾਂ ਦੇ ਡੇਰਿਆਂ ਬਾਰੇ ਕਿਹੋ ਜਿਹੀ ਜਾਣਕਾਰੀ ਮਿਲਦੀ ਹੈ ?

2) ਨਾਟਕ 'ਕਲ੍ਹ ਅੱਜ ਤੇ ਭਲ੍ਹਕ' ਦੀ ਅਰੰਭਲੀ ਸਥਿਤੀ ਬਾਰੇ ਜਾਣਕਾਰੀ ਦਿਓ।

3) ਨਾਟਕ 'ਕਲ੍ਹ ਅੱਜ ਤੇ ਭਲ੍ਹਕ' ਸਾਡੀ ਅਜੋਕੀ ਰਾਜਨੀਤੀ ਉੱਤੇ ਇਕ ਵਿਅੰਗ ਹੈ। ਟਿੱਪਣੀ ਕਰੋ।

4) ਭਾਈ ਵੀਰ ਸਿੰਘ ਦੀ ਕਵਿਤਾ 'ਖੇੜਾ' ਵਿਚ ਜੀਵਨ ਬਾਰੇ ਕੀ ਸੁਨੇਹਾ ਦਿੱਤਾ ਗਿਆ ਹੈ?

5) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਇਕ ਸ਼ਹਿਰ' ਵਿਚ ਸ਼ਹਿਰਾਂ ਦੀ ਕਿਸ ਤਰ੍ਹਾਂ ਦੀ ਸਥਿਤੀ ਦਾ ਬਿਆਨ ਹੈ?